20268/136
22/6/2026
ਕੀ-5

ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ ਸੈਕੰਡਰੀ), ਪੰਜਾਬ, ਐਸ.ਏ.ਐਸ ਨਗਰ।
ਪੰ.ਸ.ਸਿੱ ਬੋਰਡ ਕੰਪਲੈਕਸ, ਚੌਥੀ ਮੰਜ਼ਿਲ, ਫੇਜ-VIII, ਐਸ.ਏ.ਐਸ ਨਗਰ
(ਵਜੀਫਾ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਪੰਜਾਬ।

ਮੀਮੋ ਨੰ: 690523/2026 । 66639

ਮਿਤੀ:ਐਸ.ਏ.ਐਸ ਨਗਰ: 17-06-2026

ਵਿਸ਼ਾ:- ਡਾਇਰੈਕਟਰ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਨਾਲ ਮਿਤੀ 08.06.2026 ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ ਸਕੀਮ ਤਹਿਤ ਹੋਈ ਮੀਟਿੰਗ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਡਾਇਰੈਕਟਰ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਨਾਲ ਮਿਤੀ 08.06.2026 ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ ਸਕੀਮ ਤਹਿਤ ਮੀਟਿੰਗ ਹੋਈ ਸੀ। ਮੀਟਿੰਗ ਦੀ ਪ੍ਰੋਸੀਡਿੰਗ ਦੀ ਕਾਪੀ ਆਪ ਨੂੰ ਅਗਲੇਰੀ ਕਾਰਵਾਈ ਹਿੱਤ ਭੇਜ ਕੇ ਲਿਖਿਆ ਜਾਂਦਾ ਹੈ ਕਿ ਪ੍ਰੋਸੀਡਿੰਗ ਵਿਚ ਦਰਜ਼ ਸਕੂਲ ਸਿੱਖਿਆ ਵਿਭਾਗ ਨਾਲ ਸਬੰਧਤ ਨੁਕਤਿਆ ਤੇ ਤੁਰੰਤ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।

ਨੱਥੀ/-ਉਕਤ ਅਨੁਸਾਰ

ਗੁਰਮੀਤ 17.06.2026
ਸਹਾਇਕ ਡਾਇਰੈਕਟਰ (ਵਜੀਫਾ)

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ), ਬਠਿੰਡਾ।
ਪਿੱਠ ਅੰਕਣ ਨੰ: ਕੀ-5/10/2026/378 ਮਿਤੀ: 23/06/26
ਉਪਰੋਕਤ ਦਾ ਉਤਾਰਾ ਸਬੰਧਤ ਸਕੂਲ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿੱਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। ਪੱਤਰ ਵਿੱਚ ਦਰਜ ਹਦਾਇਤਾਂ ਨੂੰ ਚੰਗੀ ਤਰ੍ਹਾਂ ਪੜ੍ਹ ਲਿਆ ਜਾਵੇ।

ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ),
ਬਠਿੰਡਾ
23/06/26

Scanned with OKEN Scanner

**ਵਿਸ਼ਾ : ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ ਸਬੰਧੀ ਮਾਨਯੋਗ ਡਾਇਰੈਕਟਰ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 08-06-2026 ਨੂੰ ਸਵੇਰੇ 10:00 ਵਜੇ ਸਮੂਹ ਲਾਗੂ-ਕਰਤਾ ਵਿਭਾਗਾਂ ਦੇ ਨੋਡਲ ਅਫ਼ਸਰਾਂ ਨਾਲ ਹੋਈ ਮੀਟਿੰਗ ਦੀ ਕਾਰਵਾਈ।**

**ਮੀਟਿੰਗ ਵਿੱਚ ਹਾਜ਼ਰ ਹੋਏ ਅਧਿਕਾਰੀਆਂ/ਕਰਮਚਾਰੀਆਂ ਦੀ ਸੂਚੀ ਅਨੁਲੱਗ -'ੳ' ਅਨੁਸਾਰ ਹੈ ਜੀ।**

ਡਾਇਰੈਕਟਰ, ਸਮਾਜਿਕ ਨਿਆਂ ਜੀ ਵੱਲੋਂ ਮੀਟਿੰਗ ਵਿੱਚ ਹਾਜ਼ਰ ਅਧਿਕਾਰੀਆਂ/ਕਰਮਚਾਰੀਆਂ ਨੂੰ ਜੀ ਆਇਆ ਆਖਿਆ ਗਿਆ।

ਉਨ੍ਹਾਂ ਵੱਲੋਂ ਮੀਟਿੰਗ ਵਿੱਚ ਹਾਜ਼ਰ ਮੈਂਬਰਾਂ ਨੂੰ ਸੰਬੋਧਿਤ ਕਰਦਿਆਂ ਆਖਿਆ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ ਸਰਕਾਰ ਦੀ ਅਹਿਮ ਸਕੀਮ ਹੈ ॥ ਜਿਸ ਨੂੰ ਲਾਗੂ-ਕਰਤਾ ਵਿਭਾਗਾਂ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਹੈ। ਇਸ ਸਕੀਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਉਣ ਲਈ ਭਾਰਤ ਸਰਕਾਰ ਵੱਲੋਂ ਸਮੇਂ-ਸਮੇਂ ਤੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾਂਦੇ ਹਨ। ਨਿਰਦੇਸ਼ਕ ਜੀ ਵੱਲੋਂ ਸ੍ਰੀ ਜਗਦੀਪ ਕੁਮਾਰ, ਸਹਾਇਕ ਨੋਡਲ ਅਫ਼ਸਰ ਨੂੰ ਨੁਕਤਾਵਾਰ ਮੀਟਿੰਗ ਸ਼ੁਰੂ ਕਰਨ ਦੇ ਆਦੇਸ਼ ਦਿੱਤੇ ਗਏ।

1. ਸ੍ਰੀ ਜਗਦੀਪ ਕੁਮਾਰ ਵੱਲੋਂ ਹਾਜਰ ਨੁਮਾਇੰਦਿਆਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਸਾਲ 2025-26 ਲਈ ਵਿਦਿਆਰਥੀਆਂ ਤੋਂ ਆਨ-ਲਾਇਨ ਐਪਲੀਕੇਸ਼ਨ ਪ੍ਰਾਪਤ ਕਰਨ ਲਈ ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਮਿਤੀ 17-07-2025 ਤੋਂ 09-03-2026 ਤੱਕ ਖੋਲਿਆ ਗਿਆ ਸੀ । ਸਾਲ 2025-26 ਦੇ ਕੁੱਲ 2,72,325 ਵਿਦਿਆਰਥੀਆਂ ਵੱਲੋਂ ਅਪਲਾਈ ਕੀਤਾ ਗਿਆ, ਜਿਸ ਵਿੱਚੋਂ 2,45,154 ਵਿਦਿਆਰਥੀਆਂ ਦੇ ਕੇਸ ਵੈਰੀਫਾਈ ਹੋਣ ਉਪਰੰਤ ਇਸ ਵਿਭਾਗ ਨੂੰ ਪ੍ਰਾਪਤ ਹੋਏ। ਰਾਜ ਸਰਕਾਰ ਵੱਲੋਂ ਇਨ੍ਹਾਂ 245154 ਵਿਦਿਆਰਥੀਆਂ ਲਈ ਆਪਣੇ ਹਿੱਸੇ ਦੀ 40% ਰਾਸ਼ੀ ਵਜੋ 302.34 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਉਨ੍ਹਾਂ ਵੱਲੋ ਇਹ ਵੀ ਧਿਆਨ ਵਿੱਚ ਲਿਆਇਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਸਾਲ 2026-27 ਲਈ ਸਕੀਮ National Scholarship Portal (NSP) ਤੇ ਲਾਗੂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਜਿਸ ਸਬੰਧੀ On-boarding ਲਈ ਪ੍ਰਕਿਰਿਆ ਕਾਰਵਾਈ ਅਧੀਨ ਹੈ । ਨਿਰਦੇਸ਼ਕ ਜੀ ਵੱਲੋਂ ਸਮੂਹ ਲਾਗੂ-ਕਰਤਾ ਵਿਭਾਗਾਂ ਨੂੰ ਹਦਾਇਤ ਕੀਤੀ ਗਈ ਕਿ ਉਹ ਆਪਣੇ ਅਧੀਨ ਆਉਂਦੀਆਂ ਸੰਸਥਾਵਾਂ ਨੂੰ ਸੂਚਿਤ ਕਰਨ ਕਿ ਸਾਲ 2026-27 ਤੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ ਸਟੂਡੈਂਟਸ ਸਕੀਮ NSP ਤੇ ਲਾਗੂ ਕੀਤੀ ਜਾਵੇਗੀ ਅਤੇ ਸਮੂਹ ਸੰਸਥਾਵਾਂ ਨੂੰ NSP ਤੇ ਰਜਿਸਟਰ ਕਰਵਾਉਣ ਦੀ ਕਾਰਵਾਈ ਮਿਤੀ 30-06-2026 ਤੱਕ ਮੁਕੰਮਲ ਕਰ ਲਈ ਜਾਵੇ ।

2. ਸ੍ਰੀ ਜਗਦੀਪ ਕੁਮਾਰ, ਸਹਾਇਕ ਨੋਡਲ ਅਫ਼ਸਰ ਵੱਲੋਂ ਦੱਸਿਆ ਗਿਆ ਕਿ ਸਕੀਮ ਅਧੀਨ ਵਿਦਿਆਰਥੀਆਂ ਨੂੰ ਫਰੀ-ਸ਼ਿਪ ਕਾਰਡ ਜਾਰੀ ਕੀਤਾ ਜਾਂਦਾ ਹੈ। ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਤੇ ਇਹ ਸੁਵਿਧਾ ਸਾਲ 2021-22 ਤੋਂ ਦਿੱਤੀ ਜਾ ਰਹੀ ਸੀ। ਭਾਰਤ ਸਰਕਾਰ ਅਤੇ NSP ਟੀਮ ਨਾਲ ਵੀ.ਸੀ. ਰਾਹੀਂ ਹੋਈ ਮੀਟਿੰਗ ਵਿੱਚ NSP ਵੱਲੋਂ ਦੱਸਿਆ ਗਿਆ ਕਿ NSP ਤੇ ਫਰੀ-ਸ਼ਿਪ ਕਾਰਡ ਜਾਰੀ ਨਹੀਂ ਕੀਤੇ ਜਾਂਦੇ। ਇਸ ਲਈ ਸਮੂਹ ਸੰਸਥਾਵਾਂ ਨੂੰ ਇਸ ਸਬੰਧੀ ਸੂਚਿਤ ਕਰਨਾ ਉਚਿਤ ਹੋਵੇਗਾ ਤਾਂ ਜੋ ਕੋਈ ਵੀ ਯੋਗ ਵਿਦਿਆਰਥੀ ਸਕਾਲਰਸ਼ਿਪ ਤੋਂ ਵਾਂਝਾ ਨਾ ਰਹੇ। ਨਿਰਦੇਸ਼ਕ ਜੀ ਵੱਲੋਂ ਸਮੂਹ ਲਾਗੂ-ਕਰਤਾ ਵਿਭਾਗਾਂ ਨੂੰ ਹਦਾਇਤ ਕੀਤੀ ਗਈ ਕਿ ਚਿੰਤਨ ਸ਼ਿਵਰ ਵਿੱਚ ਭਾਰਤ ਸਰਕਾਰ ਦੇ ਨੁਮਾਇੰਦਿਆਂ ਵੱਲੋਂ ਦੱਸਿਆ ਗਿਆ ਸੀ ਕਿ ਲਗਭਗ 20 ਰਾਜ/ਯੂ.ਟੀ. NSP ਤੇ boarded ਹਨ । ਇਸ ਲਈ ਹੋਰਨਾਂ ਰਾਜਾਂ ਵਾਂਗ ਫਰੀ-ਸ਼ਿਪ ਕਾਰਡ ਇਸ ਸਾਲ ਲਾਗੂ ਨਹੀਂ ਕੀਤੇ ਜਾਣਗੇ।

Scanned with OKEN Scanner

ਸਮੂਹ ਲਾਗੂ-ਕਰਤਾ ਵਿਭਾਗ ਆਪਣੇ ਅਧੀਨ ਆਉਂਦੀਆਂ ਸੰਸਥਾਵਾਂ ਨਾਲ ਮੀਟਿੰਗ ਕਰਕੇ ਇਹ ਯਕੀਨੀ ਬਣਾਉਣਗੇ ਕਿ ਫਰੀ-ਸ਼ਿਪ ਕਾਰਡ ਜਾਰੀ ਨਾ ਹੋਣ ਕਾਰਨ ਕਿਸੇ ਵੀ ਵਿਦਿਆਰਥੀ ਨੂੰ ਦਾਖਲੇ ਸਬੰਧੀ ਕੋਈ ਮੁਸ਼ਕਿਲ ਪੇਸ਼ ਨਾ ਆਵੇ।

3. ਸ੍ਰੀ ਜਗਦੀਪ ਕੁਮਾਰ, ਸਹਾਇਕ ਨੋਡਲ ਅਫ਼ਸਰ ਵੱਲੋਂ ਦੱਸਿਆ ਗਿਆ ਕਿ ਸਕੀਮ ਅਧੀਨ ਵਿਦਿਆਰਥੀਆਂ ਨੂੰ ਰਾਜ ਸਰਕਾਰ ਅਤੇ ਕੇਂਦਰ ਸਰਕਾਰ ਦੇ ਹਿੱਸੇ ਦੀ ਅਦਾਇਗੀ ਆਧਾਰ ਸੀਡਡ ਬੈਂਕ ਖਾਤਿਆਂ ਵਿੱਚ ਕੀਤੀ ਜਾਂਦੀ ਹੈ। ਅਦਾਇਗੀ ਸਮੇਂ ਇਹ ਧਿਆਨ ਵਿੱਚ ਆਇਆ ਹੈ ਕਿ ਸਾਲ 2022-23, 2023-24, 2024-25 ਅਤੇ 2025-26 ਦੇ ਬਹੁਤ ਸਾਰੇ ਵਿਦਿਆਰਥੀਆਂ ਦੇ ਬੈਂਕ ਖਾਤੇ ਆਧਾਰ ਸੀਡਡ ਨਾ ਹੋਣ ਕਾਰਨ ਅਦਾਇਗੀ ਵਿੱਚ ਦੇਰੀ ਹੁੰਦੀ ਹੈ। ਇਸ ਸਬੰਧੀ ਸਮੇਂ-ਸਮੇਂ ਤੇ ਲਾਗੂ-ਕਰਤਾ ਵਿਭਾਗਾਂ ਨੂੰ ਜਿਨ੍ਹਾਂ ਵਿਦਿਆਰਥੀਆਂ ਦੇ ਬੈਂਕ ਖਾਤੇ ਆਧਾਰ ਸੀਡ ਨਹੀਂ ਹਨ, ਦੀਆਂ ਲਿਸਟਾਂ ਭੇਜ ਕੇ ਬੈਂਕ ਖਾਤੇ ਅਧਾਰ ਸੀਡ ਕਰਵਾਉਣ ਲਈ ਪੱਤਰ ਜਾਰੀ ਕੀਤੇ ਗਏ ਹਨ। ਇਸ ਤੋਂ ਇਲਾਵਾ ਜਿਨ੍ਹਾਂ ਵਿਦਿਆਰਥੀਆਂ ਦੇ ਬੈਂਕ ਖਾਤੇ ਆਧਾਰ ਸੀਡ ਨਹੀਂ ਹਨ, ਦੀਆਂ ਲਿਸਟਾਂ ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਤੇ ਵੀ ਉਪਲੱਬਧ ਕਰਵਾਈਆਂ ਗਈਆਂ ਹਨ। ਭਾਰਤ ਸਰਕਾਰ ਵੱਲੋਂ ਸਾਲ 2022-23, 2023-24 ਅਤੇ 2024-25 ਦੇ ਯੋਗ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਜਾਰੀ ਕਰਨ ਲਈ ਮਿਤੀ 30-09-2026 ਮਿਥੀ ਗਈ ਹੈ। ਇਸ ਲਈ ਅਦਾਇਗੀ ਲਈ ਬਕਾਇਆ ਰਹਿੰਦੇ ਯੋਗ ਵਿਦਿਆਰਥੀਆਂ ਦੇ ਬੈਂਕ ਖਾਤੇ ਅਧਾਰ ਸੀਡ ਕਰਵਾਏ ਜਾਣ ਅਤੇ ਅਯੋਗ/ਡਰਾਪ ਆਊਟ ਵਿਦਿਆਰਥੀਆਂ ਨੂੰ ਨੂੰ ਸੰਸਥਾਵਾਂ ਪਾਸੋ ਪੋਰਟਲ ਤੇ ਡਰਾਪ ਆਊਟ ਕਰਵਾਇਆ ਜਾਵੇ।

4. ਸਾਲ 2025-26 ਦੇ ਜਿਹੜੇ ਵਿਦਿਆਰਥੀ ਆਧਾਰ ਸੀਡਿੰਗ ਨਾ ਹੋਣ ਕਾਰਨ ਸਕਾਲਰਸ਼ਿਪ ਦਾ ਲਾਭ ਲੈਣ ਤੋਂ ਵਾਂਝੇ ਹਨ ਉਨ੍ਹਾਂ ਦੇ ਬੈਂਕ ਖਾਤੇ ਸੰਸਥਾਵਾਂ ਨਾਲ ਤਾਲਮੇਲ ਕਰਕੇ ਆਧਾਰ ਸੀਡ ਕਰਵਾਏ ਜਾਣ। ਨਿਰਦੇਸ਼ਕ ਜੀ ਵੱਲੋਂ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਉਹ ਐਨ.ਆਈ.ਸੀ. ਨਾਲ ਤਾਲਮੇਲ ਕਰਕੇ ਆਧਾਰ ਸੀਡ ਤੋਂ ਰਹਿੰਦੇ ਵਿਦਿਆਰਥੀਆਂ ਦੀ ਲਿਸਟ ਅੱਪਡੇਟ ਕਰਵਾਉਣ ਤਾਂ ਜੋ ਬਕਾਇਆ ਰਹਿੰਦੇ ਵਿਦਿਆਰਥੀਆਂ ਲਈ ਕੈਂਪ ਆਯੋਜਿਤ ਕਰਕੇ ਕਾਰਵਾਈ ਮੁਕੰਮਲ ਕੀਤੀ ਜਾ ਸਕੇ।

5. ਸ੍ਰੀ ਜਗਦੀਪ ਕੁਮਾਰ, ਸਹਾਇਕ ਨੋਡਲ ਅਫ਼ਸਰ ਵੱਲੋਂ ਦੱਸਿਆ ਗਿਆ ਕਿ ਭਾਰਤ ਸਰਕਾਰ ਵੱਲੋਂ ਸਾਲ 2024-25 ਲਈ ਵਿਦਿਆਰਥੀਆਂ ਦੀ OTR (One Time Registration) ਲਾਜ਼ਮੀ ਕੀਤੀ ਗਈ ਹੈ। ਇਸ ਸਬੰਧੀ ਸਮੂਹ ਲਾਗੂ-ਕਰਤਾ ਵਿਭਾਗਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਵਿਦਿਆਰਥੀਆਂ ਵੱਲੋਂ OTR ਲਈ NSP ਤੇ ਰਜਿਸਟਰ ਕੀਤਾ ਜਾਂਦਾ ਹੈ। OTR ਜਨਰੇਟ ਕਰਨ ਉਪਰੰਤ ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਤੇ OTR ਫਿਲ ਕੀਤਾ ਜਾਂਦਾ ਹੈ। NIC ਤੋਂ ਪ੍ਰਾਪਤ ਰਿਪੋਰਟ ਅਨੁਸਾਰ ਸਾਲ 2025-26 ਦੌਰਾਨ ਲਗਭਗ 20,000 ਵਿਦਿਆਰਥੀਆਂ ਵੱਲੋਂ ਆਪਣਾ OTR ਫਿਲ ਨਹੀਂ ਕੀਤਾ ਗਿਆ । ਜਿਸ ਤੇ ਨਿਰਦੇਸ਼ਕ ਜੀ ਵੱਲੋਂ ਸਮੂਹ ਲਾਗੂ-ਕਰਤਾ ਵਿਭਾਗਾਂ ਨੂੰ ਇਨ੍ਹਾਂ ਵਿਦਿਆਰਥੀਆਂ ਦੇ OTR ਮਿਤੀ 30-06-2026 ਤੱਕ ਭਰਵਾਏ ਜਾਣ ਦੇ ਆਦੇਸ਼ ਦਿੱਤੇ ਗਏ ।

6. ਸ੍ਰੀ ਜਗਦੀਪ ਕੁਮਾਰ ਵੱਲੋਂ ਦੱਸਿਆ ਗਿਆ ਕਿ ਸਰਕਾਰ ਵੱਲੋਂ ਪ੍ਰਾਈਵੇਟ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸੰਸਥਾਵਾਂ ਦੀ ਸਾਲ 2017-18 ਤੋਂ 2019-20 ਤੱਕ ਦੀ ਫੀਸ ਦੀ 40% ਅਦਾਇਗੀ ਸਬੰਧੀ 366.00 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਸੀ। ਜਿਸ ਸਬੰਧੀ ਸੰਸਥਾਵਾਂ ਤੋਂ ਅੰਡਰਟੇਕਿੰਗ ਲੈਣ ਉਪਰੰਤ ਸੰਸਥਾਵਾਂ ਨੂੰ ਅਦਾਇਗੀ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ ਪਰੰਤੂ ਕੁਝ ਸੰਸਥਾਵਾਂ ਵੱਲੋਂ ਲੋੜੀਂਦੀ ਅੰਡਰਟੇਕਿੰਗ ਅਪਲੋਡ ਨਾ ਕਰਨ ਕਾਰਨ/ਲਾਗੂ-ਕਰਤਾ ਵਿਭਾਗਾਂ ਵੱਲੋਂ ਫੀਸ ਸਬੰਧੀ ਸਪੱਸ਼ਟਤਾ ਨਾ ਹੋਣ ਕਾਰਨ ਅਦਾਇਗੀ ਨਹੀਂ

Scanned with OKEN Scanner

ਕੀਤੀ ਜਾ ਸਕੀ। ਲਾਗੂ-ਕਰਤਾ ਵਿਭਾਗਾਂ ਨੂੰ ਇਸ ਸਬੰਧੀ ਪਹਿਲਾਂ ਵੀ ਪੱਤਰ ਜਾਰੀ ਕੀਤਾ ਗਿਆ ਹੈ ਪਰੰਤੂ ਅਜੇ ਤੱਕ ਜਵਾਬ ਪ੍ਰਾਪਤ ਨਹੀਂ ਹੋਇਆ। ਨਿਰਦੇਸ਼ਕ ਜੀ ਵੱਲੋਂ ਸਮੂਹ ਲਾਗੂ-ਕਰਤਾ ਵਿਭਾਗਾਂ ਨੂੰ ਹਦਾਇਤ ਕੀਤੀ ਗਈ ਕਿ ਉਹ ਅਦਾਇਗੀ ਲਈ ਬਕਾਇਆ ਰਹਿੰਦੀਆਂ ਸੰਸਥਾਵਾਂ ਦੀ ਅੰਡਰਟੇਕਿੰਗ ਸਬੰਧੀ ਲੋੜੀਂਦੀ ਸੂਚਨਾ ਸੰਸਥਾਵਾਂ ਤੋਂ ਪ੍ਰਾਪਤ ਕਰਕੇ ਇਸ ਦਫ਼ਤਰ ਨੂੰ ਮਿਤੀ 30-06-2026 ਤੱਕ ਭੇਜਣਾ ਯਕੀਨੀ ਬਣਾਉਣ ਅਤੇ ਫੀਸ ਸਬੰਧੀ ਸਪੱਸ਼ਟ ਰਿਪੋਰਟ ਇਸ ਵਿਭਾਗ ਨੂੰ ਭੇਜਣ ਤਾਂ ਜੋ ਸੰਸਥਾਵਾਂ ਨੂੰ ਅਦਾਇਗੀ ਸਬੰਧੀ ਕਾਰਵਾਈ ਕੀਤੀ ਜਾ ਸਕੇ।

7. ਸ੍ਰੀ ਜਗਦੀਪ ਕੁਮਾਰ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਸਾਲ 2017-18 ਤੋਂ ਸਾਲ 2019-20 ਤੱਕ ਦੀ ਬਕਾਇਆ ਅਦਾਇਗੀ ਵਿੱਚੋਂ ਸਰਕਾਰੀ ਸੰਸਥਾਵਾਂ ਅਤੇ ਪੰਜਾਬ ਰਾਜ ਦੇ ਦੂਜੇ ਰਾਜਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ ਫੀਸ ਦਾ 40% ਹਿੱਸੇ ਵਜੋਂ 92.00 ਕਰੋੜ ਰੁਪਏ ਜਾਰੀ ਕੀਤੇ ਗਏ ਸਨ। ਲਾਗੂ ਕਰਤਾ ਵਿਭਾਗਾਂ ਨੂੰ ਪੰਜਾਬ ਰਾਜ ਦੇ ਵਿਦਿਆਰਥੀ ਜੋ ਕਿ ਦੂਜੇ ਰਾਜਾਂ ਵਿੱਚ ਪੜ੍ਹਦੇ ਸਨ, ਦਾ ਡਾਟਾ ਅਤੇ ਸੰਸਥਾਵਾਂ ਪਾਸੋ ਪ੍ਰਾਪਤ ਕਰਨ ਵਾਲੀ ਅੰਡਰਟੇਕਿੰਗ ਦਾ ਨਮੂਨਾ ਭੇਜਦੇ ਹੋਏ ਸੰਸਥਾਵਾਂ ਦਾ ਕੇਸ ਵੈਰੀਫ਼ਾਈ ਕਰਕੇ ਸੰਸਥਾਵਾਂ/ਵਿਦਿਆਰਥੀਆਂ ਦੇ ਫੀਸ ਫਿਕਸੇਸਨ ਕਮੇਟੀ ਵੱਲੋ ਨਿਰਧਾਰਤ ਫੀਸ ਅਨੁਸਾਰ ਕੰਸੋਲੀਡੇਟ ਕਲੇਮ ਅਤੇ ਲੋੜੀਦੀ ਅੰਡਰਟੇਕਿੰਗ ਇਸ ਵਿਭਾਗ ਨੂੰ ਭੇਜਣ ਲਈ ਲਿਖਿਆ ਗਿਆ ਸੀ ਪ੍ਰੰਤੂ ਹੁਣ ਤੱਕ ਕਿਸੇ ਵੀ ਲਾਗੂ ਕਰਤਾ ਵਿਭਾਗ ਵੱਲੋ ਲੋੜੀਦੀ ਮੁਕੰਮਲ ਸੂਚਨਾ ਇਸ ਵਿਭਾਗ ਨੂੰ ਪ੍ਰਾਪਤ ਨਹੀ ਹੋਈ। ਜਿਨ੍ਹਾਂ ਲਾਗੂ ਕਰਤਾ ਵਿਭਾਗਾਂ ਵੱਲੋ ਕੋਈ ਸੂਚਨਾ ਭੇਜੀ ਗਈ ਹੈ ਉਹ ਮੁਕੰਮਲ/ਕੰਸੋਲੀਡੇਟ ਨਹੀ ਹੈ ਅਤੇ ਇਹ ਵੀ ਧਿਆਨ ਵਿੱਚ ਆਇਆ ਹੈ ਕਿ ਕਲੇਮ ਫੀਸ ਫਿਕਸੇਸਨ ਕਮੇਟੀ ਵੱਲੋ ਨਿਰ਼ਧਾਰਤ ਫੀਸ ਅਨੁਸਾਰ ਨਹੀ ਹਨ। ਜਿਸ ਤੇ ਨਿਰਦੇਸ਼ਕ ਜੀ ਵੱਲੋਂ ਸਮੂਹ ਲਾਗੂ ਕਰਤਾ ਵਿਭਾਗਾਂ ਦੇ ਹਾਜਰ ਨੁਮਾਇਦਿਆਂ ਨੂੰ ਆਦੇਸ਼ ਦਿੱਤੇ ਕਿ ਲੋੜੀਦੀ ਮੁਕੰਮਲ/ਕੰਸੋਲੀਡੇਟ ਸੂਚਨਾ ਤੁਰੰਤ ਸਮਰੱਥ ਅਧਿਕਾਰੀ ਦੇ ਹਸਤਾਖਰਾਂ ਉਪਰੰਤ ਇਸ ਵਿਭਾਗ ਨੂੰ ਭੇਜੀ ਜਾਵੇ ਅਤੇ ਭੇਜਦੇ ਹੋਏ ਇਹ ਸਰਟੀਫਿਕੇਟ ਦਿੱਤਾ ਜਾਵੇ ਕਿ ਭੇਜੇ ਗਏ ਕਲੇਮ ਫੀਸ ਫਿਕਸੇਸਨ ਕਮੇਟੀ ਵੱਲੋ ਨਿਰਧਾਰਤ ਫੀਸ ਅਨੁਸਾਰ ਸਹੀ ਹਨ। ਇਸ ਤੋਂ ਇਲਾਵਾ ਉਚੇਰੀ ਸਿੱਖਿਆ ਵਿਭਾਗ ਵੱਲੋ ਕੋਈ ਨੁਮਾਇੰਦਾ ਨਾ ਪਹੁੰਚਣ ਤੇ ਗੰਭੀਰ ਨੋਟਿਸ ਲਿਆ ਗਿਆ ਅਤੇ ਆਖਿਆ ਕਿ ਮਾਮਲਾ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ।

8. ਸ੍ਰੀ ਜਗਦੀਪ ਕੁਮਾਰ, ਸਹਾਇਕ ਨੋਡਲ ਅਫ਼ਸਰ ਵੱਲੋਂ ਦੱਸਿਆ ਗਿਆ ਕਿ ਵੱਖ-ਵੱਖ ਕੋਰਸਾਂ ਲਈ ਫੀਸ ਲਾਗੂ-ਕਰਤਾ ਵਿਭਾਗਾਂ ਦੀਆਂ fee fixation ਕਮੇਟੀਆਂ ਵੱਲੋਂ ਨਿਰਧਾਰਿਤ ਕੀਤੀ ਜਾਂਦੀ ਹੈ। ਫੀਸ ਫਿਕਸ਼ੇਸ਼ਨ ਕਮੇਟੀਆਂ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਬਣਾਈਆਂ ਗਈਆਂ ਹਨ। ਇਹਨਾਂ ਦੁਆਰਾ ਵੱਖ-ਵੱਖ ਕੋਰਸਾਂ ਦੀ ਫਿਕਸ ਕੀਤੀ ਫੀਸ ਸਬੰਧਤ ਲਾਗੂ-ਕਰਤਾ ਵਿਭਾਗਾਂ ਵੱਲੋਂ ਪੋਰਟਲ ਤੇ ਅਪਰੂਵ ਕੀਤੀ ਜਾਂਦੀ ਹੈ। ਸਾਲ 2026-27 ਦੌਰਾਨ ਹਰੇਕ ਕੋਰਸ ਦੀ ਫੀਸ NSP ਤੇ ਦਰਜ ਕਰਵਾਈ ਜਾਣੀ ਹੈ। ਨਿਰਦੇਸ਼ਕ ਜੀ ਵੱਲੋਂ ਸਮੂਹ ਲਾਗੂ-ਕਰਤਾ ਭਾਗਾਂ ਨੂੰ ਹਦਾਇਤ ਕੀਤੀ ਗਈ ਕਿ ਉਹ ਆਪਣੀਆਂ ਫੀ ਫਿਕਸੇਸ਼ਨ ਕਮੇਟੀਆਂ ਦੀ ਮੀਟਿੰਗ ਕਰਵਾ ਕੇ ਵੱਖ-ਵੱਖ ਕੋਰਸਾਂ ਦੀ ਫੀਸ ਫਿਕਸ ਕਰ ਲਈ ਯਕੀਨੀ ਬਣਾਉਣ ਤਾਂ ਕਿ ਕਿਸੇ ਵੀ ਤਰ੍ਹਾਂ ਦੀ ਵਿੱਤੀ ਅਨਿਯਮਤਾ ਤੋਂ ਬਚਿਆ ਜਾ ਸਕੇ। ਜੇਕਰ ਫਿਰ ਵੀ ਫੀਸ ਕਾਰਨ ਕੋਈ ਵਿੱਤੀ ਅਨਿਯਮਤਾ ਹੁੰਦੀ ਹੈ ਤਾਂ ਇਸ ਦੀ ਜਿੰਮੇਵਾਰੀ ਸਬੰਧਤ ਲਾਗੂ-ਕਰਤਾ ਵਿਭਾਗ ਦੀ ਹੋਵੇਗੀ।

Scanned with OKEN Scanner

9. ਸ੍ਰੀ ਜਗਦੀਪ ਕੁਮਾਰ, ਸਹਾਇਕ ਨੋਡਲ ਅਫਸਰ ਵੱਲੋਂ ਦੱਸਿਆ ਗਿਆ ਕਿ ਪ੍ਰਾਈਵੇਟ/ਸਰਕਾਰੀ ਸਹਾਇਤਾ ਪ੍ਰਾਪਤ ਸੰਸਥਾਵਾਂ ਅਤੇ ਸਰਕਾਰੀ ਸੰਸਥਾਵਾਂ ਨੂੰ ਸਾਲ 2017-18 ਤੋਂ 2019-20 ਤੱਕ ਦੀ ਫੀਸ ਦੀ 40% ਅਦਾਇਗੀ ਲਾਗੂ-ਕਰਤਾ ਵਿਭਾਗਾਂ ਪਾਸੋਂ ਪ੍ਰਾਪਤ ਕਲੇਮਾਂ ਦੇ ਆਧਾਰ ਤੇ ਸਬੰਧਤ ਸੰਸਥਾਵਾਂ ਵੱਲ ਸਾਲ 2016-17 ਤੱਕ ਦੀ ਬਕਾਇਆ ਰਿਕਵਰੀ ਕੱਟਣ ਉਪਰੰਤ ਅਦਾਇਗੀ ਕੀਤੀ ਗਈ ਹੈ ਜਿਨ੍ਹਾਂ ਦੀ ਸੂਚਨਾ ਸਮੂਹ ਲਾਗੂ-ਕਰਤਾ ਵਿਭਾਗਾਂ ਨੂੰ ਭੇਜੀ ਜਾ ਚੁੱਕੀ ਹੈ। ਇਸ ਤੇ ਨਿਰਦੇਸ਼ਕ, ਸਮਾਜਿਕ ਨਿਆਂ ਜੀ ਵੱਲੋਂ ਸਮੂਹ ਲਾਗੂ-ਕਰਤਾ ਵਿਭਾਗਾਂ ਦੇ ਨੁਮਾਇੰਦਿਆਂ ਨੂੰ ਆਦੇਸ਼ ਦਿੱਤੇ ਗਏ ਕਿ ਜੇਕਰ ਸਮਾਜਿਕ ਨਿਆਂ ਵਿਭਾਗ ਵੱਲੋਂ ਕੀਤੀ ਗਈ ਅਦਾਇਗੀ ਅਤੇ ਲਾਗੂ-ਕਰਤਾ ਵਿਭਾਗਾਂ ਵੱਲੋਂ ਭੇਜੇ ਗਏ ਕਲੇਮਾਂ ਵਿੱਚ ਕਿਸੇ ਵੀ ਕਿਸਮ ਦਾ ਫਰਕ ਹੈ ਤਾਂ ਇਸ ਸਬੰਧੀ ਸਮਾਜਿਕ ਨਿਆਂ ਵਿਭਾਗ ਨੂੰ ਤੱਥਾਂ ਦੇ ਆਧਾਰ ਤੇ ਜਾਣੂ ਕਰਵਾਇਆ ਜਾਵੇ ਤਾਂ ਜੋ ਅਦਾਇਗੀ/ਰਿਕਵਰੀ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਸਕੇ।

10. ਨਿਰਦੇਸ਼ਕ ਜੀ ਵੱਲੋਂ CAG ਦੇ ਪੈਂਡਿੰਗ ਆਡਿਟ ਪੈਰਿਆਂ ਸਬੰਧੀ ਪੁੱਛਿਆ ਗਿਆ ਤਾਂ ਤਕਨੀਕੀ ਸਿੱਖਿਆ ਵਿਭਾਗ ਦੇ ਨੁਮਾਇੰਦੇ ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਵੱਲੋਂ ਸਟੱਡੀ ਟੂਰ ਦੇ ਪੈਰੇ ਸਬੰਧੀ ਲਿਖ ਕੇ ਭੇਜਿਆ ਗਿਆ ਹੈ ਕਿ ਉਸ ਸਾਲ ਪੋਰਟਲ ਤੇ ਉਪਬੰਧ ਨਾ ਹੋਣ ਕਾਰਨ ਹੋਰ ਫੀਸਾਂ ਨੂੰ ਸਟੱਡੀ ਟੂਰ ਵਿੱਚ ਸ਼ਾਮਿਲ ਕੀਤਾ ਗਿਆ ਸੀ। ਜਿਸ ਨਾਲ ਸਟੱਡੀ ਟੂਰ ਵਿੱਚ ਕੋਈ ਵੀ ਵਾਧੂ ਅਦਾਇਗੀ ਨਹੀਂ ਹੋਈ। ਇਸ ਤੋਂ ਇਲਾਵਾ ਕੁਝ ਸੰਸਥਾਵਾਂ ਵੱਲੋਂ ਰਿਕਵਰੀ ਦੇ ਡਰਾਫਟ ਜਮ੍ਹਾਂ ਕਰਵਾਏ ਜਾ ਰਹੇ ਹਨ। ਡੀ.ਆਰ.ਐਮ.ਈ. ਦੇ ਨੁਮਾਇੰਦੇ ਵੱਲੋਂ ਦੱਸਿਆ ਗਿਆ ਕਿ ਆਡਿਟ ਪੈਰ੍ਹੇ ਵਿੱਚ ਦਰਸਾਈ ਰਾਸ਼ੀ ਦੀ ਅਦਾਇਗੀ ਹੀ ਨਹੀਂ ਹੋਈ। ਜਿਸ ਕਾਰਨ ਰਿਕਵਰੀ ਨਹੀਂ ਕੀਤੀ ਜਾ ਸਕਦੀ। ਨਿਰਦੇਸ਼ਕ ਜੀ ਵੱਲੋਂ ਸਮੂਹ ਲਾਗੂ-ਕਰਤਾ ਵਿਭਾਗਾਂ ਨੂੰ ਆਡਿਟ ਪੈਰਿਆਂ ਸਬੰਧੀ ਸਪੱਸ਼ਟ ਜਵਾਬ ਭੇਜਣ ਲਈ ਆਦੇਸ਼ ਦਿੱਤੇ ਗਏ ਤਾਂ ਜੋ CAG ਨੂੰ ਰਿਪੋਰਟ ਭੇਜੀ ਜਾ ਸਕੇ।

11. ਨਿਰਦੇਸ਼ਕ ਜੀ ਵੱਲੋਂ ਸਮੂਹ ਲਾਗੂ ਕਰਤਾ ਵਿਭਾਗ ਦੇ ਨੁਮਾਇੰਦਿਆਂ ਅਤੇ ਸਮਾਜਿਕ ਨਿਆ ਵਿਭਾਗ ਦੇ ਨੁਮਾਇੰਦਿਆਂ ਨੂੰ ਹਦਾਇਤ ਕੀਤੀ ਗਈ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਨੁਸੂਚਿਤ ਜਾਤੀ ਦੇ ਗਰੀਬ ਵਿਦਿਆਰਥੀਆਂ ਦੇ ਭਵਿੱਖ ਲਈ ਸਰਕਾਰ ਵੱਲੋਂ ਚਲਾਈ ਜਾ ਰਹੀ ਹੈ ਅਤੇ ਇਸ ਲਈ ਇਕੱਠੇ ਹੋ ਕੇ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਕਿ ਇਸ ਸਕੀਮ ਨੂੰ ਪੰਜਾਬ ਅੰਦਰ ਪਾਰਦਰਸ਼ਕ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾ ਸਕੇ। ਉਨ੍ਹਾਂ ਵੱਲੋਂ ਸਮੂਹ ਲਾਗੂ-ਕਰਤਾ ਵਿਭਾਗਾ ਨੂੰ ਹਰੇਕ ਮਹੀਨੇ 10 ਸੰਸਥਾਵਾਂ ਦੀ ਅਚਨਚੇਤ ਚੈਕਿੰਗ ਕਰਨ ਉਪਰੰਤ ਰਿਪੋਰਟ ਸਮਾਜਿਕ ਨਿਆਂ ਵਿਭਾਗ ਨੂੰ ਭੇਜਣ ਦੇ ਆਦੇਸ਼ ਦਿੱਤੇ ਅਤੇ ਹਰੇਕ ਮਹੀਨੇ ਲਾਗੂ-ਕਰਤਾ ਵਿਭਾਗ ਨਾਲ ਮੀਟਿੰਗ ਨਿਸ਼ਚਿਤ ਕੀਤੀ ਜਾਵੇ। ਉਨ੍ਹਾਂ ਲਾਗੂ-ਕਰਤਾ ਵਿਭਾਗਾਂ ਨੂੰ ਆਪਣੇ-ਆਪਣੇ ਪੱਧਰ ਤੇ ਕੀਤੀ ਜਾਣ ਵਾਲੀ ਕਾਰਵਾਈ ਨੂੰ ਮਿਤੀ ਬੱਧ ਅਤੇ ਨਿਯਮਤ ਤਰੀਕੇ ਨਾਲ ਕਰਨ ਲਈ ਤਾਕੀਦ ਵੀ ਕੀਤੀ।

ਅਖੀਰ ਵਿੱਚ ਨਿਰਦੇਸ਼ਕ, ਸਮਾਜਿਕ ਨਿਆਂ ਜੀ ਵੱਲੋਂ ਸਾਰੇ ਹਾਜ਼ਰ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ ਮੀਟਿੰਗ ਦੀ ਸਮਾਪਤੀ ਕੀਤੀ।

Scanned with OKEN Scanner